OFFICE OF THE
BRITISH COLUMBIA CONTAINER
TRUCKING COMMISSIONER

7 ਨਵੰਬਰ, 2018

# ਕੰਟੇਨਰ ਟਰੱਕਿੰਗ ਸਰਵਿਸਿਜ਼ ਲਸੰਸ ਟੈਗ ਮੈਨੇਜਮੈਂਟ ਪਾਲਸੀ ਦਾ ਰਿਵੀਊ

## ਸੋਧੀ ਹੋਈ ਪਾਲਸੀ ਅਤੇ ਲਿਖਤੀ ਵਿਚਾਰਾਂ ਲਈ ਸੱਦਾ

ਇਹ ਬੁਲੇਟਿਨ ਹਿੱਤ ਰੱਖਣ ਵਾਲੀਆਂ ਸਾਰੀਆਂ ਧਿਰਾਂ ਨੂੰ ਇਹ ਇਤਲਾਹ ਦੇਣ ਲਈ ਹੈ ਕਿ ਆਫਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ ("ਓ ਬੀ ਸੀ ਸੀ ਟੀ ਸੀ") ਟੈਗ ਮੈਨੇਜਮੈਂਟ ਪਾਲਸੀ ("ਪਾਲਸੀ") ਦਾ ਰਿਵੀਊ ਕਰ ਰਿਹਾ ਹੈ। ਰਿਵੀਊ (ਪੜਚੋਲ) ਬਾਰੇ ਜਾਣਕਾਰੀ, ਜਿਸ ਵਿਚ ਟਰਮਜ਼ ਔਫ ਰੈਫਰੈਂਸ (ਵਿਚਾਰਗੋਚਰੇ ਵਿਸ਼ੇ) ਬਾਰੇ ਜਾਣਕਾਰੀ ਵੀ ਸ਼ਾਮਲ ਹੈ, ਹੇਠਾਂ ਦਿੱਤੀ ਗਈ ਹੈ ਅਤੇ ਇਹ ਨਾਲ ਲੱਗੇ ਸੀ ਟੀ ਐੱਸ ਲਸੰਸ ਟੈਗ ਮੈਨੇਜਮੈਂਟ ਪਾਲਸੀ ਰਿਵੀਊ ਦੇ ਡਾਕੂਮੈਂਟ ਵਿਚ ਦੇਖੀ ਜਾ ਸਕਦੀ ਹੈ।

ਰਿਵੀਊ ਹੋਣ ਦੇ ਸਮੇਂ ਦੌਰਾਨ, ਓ ਬੀ ਸੀ ਸੀ ਟੀ ਸੀ, ਹੋਰ ਟਰੱਕ ਟੈਗਾਂ ਲਈ ਐਪਲੀਕੇਸ਼ਨਾਂ ਲਵੇਗਾ। ਲਸੰਸਧਾਰੀਆਂ ਨੂੰ ਇਹ ਇਤਲਾਹ ਦਿੱਤੀ ਜਾਂਦੀ ਹੈ ਕਿ ਐਪਲੀਕੇਸ਼ਨ ਦੀਆਂ ਨਵੀਂਆਂ ਸ਼ਰਤਾਂ, ਜੋ ਕਿ ਸੋਧੀ ਹੋਈ ਪਾਲਸੀ ਵਿਚ ਦੱਸੀਆਂ ਗਈਆਂ ਹਨ (ਨਾਲ ਨੱਥੀ) ਸ਼ੁਰੂ ਕੀਤੀਆਂ ਗਈਆਂ ਹਨ। ਅਰਜ਼ੀਕਰਤਾਵਾਂ ਨੂੰ ਹੁਣ ਟਰੱਕ ਟ੍ਰਿਪਸ/ਮੂਵਮੈਂਟ ਆਪਣੀਆਂ ਕੰਪਨੀਆਂ ਵਿਖੇ ਓ ਬੀ ਸੀ ਸੀ ਟੀ ਸੀ ਵਲੋਂ ਕੰਪਨੀ ਦੇ ਔਡੀਟਰ ਰਿਵੀਊ ਅਤੇ ਇੰਡੇਪੈਨਡੈਂਟ ਓਪਰੇਟਰ ("ਆਈ/ਓ") ਟਰੱਕ ਟ੍ਰਿਪਸ/ਮੂਵਮੈਂਟ ਰਿਕਾਰਡਾਂ ਰਾਹੀਂ ਦਿਖਾਉਣ ਦੀ ਮੰਗ ਕੀਤੀ ਜਾਂਦੀ ਹੈ (ਅਲੱਗ ਅਤੇ ਕਾਰਗੁਜ਼ਾਰੀ ਦੇ ਸਕੋਰ ਕਾਰਡਾਂ ਦੇ ਰਿਵੀਊ ਤੋਂ ਇਲਾਵਾ)। ਅਰਜ਼ੀਕਰਤਾ ਹੁਣ ਆਪਣੀ ਐਪਲੀਕੇਸ਼ਨ ਦੀ ਬਿਜ਼ਨਲ ਪਲੈਨ ਵਿਚ ਆਈ/ਓਜ਼ ਤੋਂ ਹਿਮਾਇਤ ਦੀਆਂ ਚਿੱਠੀਆਂ ਵੀ ਸ਼ਾਮਲ ਕਰ ਸਕਦੇ ਹਨ।

ਸੱਚੇ ਦਿਲੋਂ,

ਆਫ਼ਿਸ ਆਫ਼ ਦੀ ਬੀ ਸੀ ਕੰਟੇਨਰ ਟਰੱਕਿੰਗ ਕਮਿਸ਼ਨਰ



ਮਾਈਕਲ ਕਰੌਫਰਡ

ਕਮਿਸ਼ਨਰ

## ਟਰਮਜ਼ ਔਫ ਰੈਫਰੈਂਸ

ਓ ਬੀ ਸੀ ਸੀ ਟੀ ਸੀ ਦਾ ਉਦੇਸ਼, ਪਾਲਸੀ ਦਾ ਰਿਵੀਊ ਪਾਲਸੀ ਵਿਚ ਸੋਧਾਂ ਲਈ ਚੋਣਾਂ ’ਤੇ ਖਾਸ ਧਿਆਨ ਨਾਲ ਕਰਨਾ ਹੈ ਜੋ ਕਿ ਆਈ/ਓ ਦੀ ਜ਼ਿਆਦਾ ਮੋਬਿਲਟੀ (ਗਤੀਸ਼ੀਲਤਾ) ਨੂੰ ਸਰਲ ਬਣਾਉਂਦੀਆਂ ਹਨ ਅਤੇ ਵਾਧੂ ਟਰੱਕ ਟੈਗ ਐਪਲੀਕੇਸ਼ਨਾਂ ਵਿਚ ਵਾਧਾ ਕਰਦੀਆਂ ਹਨ ਅਤੇ ਟਰੱਕ ਟੈਗ ਵਿੱਚੋਂ ਬਾਹਰ ਨਿਕਲਣ ਦੇ ਕਾਰਜ ਨੂੰ ਸੌਖਾ ਬਣਾਉਂਦੀਆਂ ਹਨ। ਧਿਆਨ ਸੋਧਾਂ ਦੀਆਂ ਉਨ੍ਹਾਂ ਚੋਣਾਂ ਵੱਲ ਵੀ ਦਿੱਤਾ ਜਾਵੇਗਾ ਜਿਹੜੀਆਂ ਅਜਿਹੇ ਟੈਗ ਸਿਸਟਮ ਦੀ ਮਦਦ ਕਰਨਗੀਆਂ ਜਿਹੜਾ ਵੈਨਕੂਵਰ ਪੋਰਟ ਅਤੇ ਓ ਬੀ ਸੀ ਸੀ ਟੀ ਸੀ ਦੋਨਾਂ ਦੇ ਅਧਿਕਾਰ ਨੂੰ ਸੰਤੁਸ਼ਟ ਕਰਦਾ ਹੋਵੇ।

ਹਿੱਤ ਰੱਖਣ ਵਾਲੀਆਂ ਉਨ੍ਹਾਂ ਧਿਰਾਂ ਤੋਂ ਲਿਖਤੀ ਵਿਚਾਰ ਮੰਗੇ ਜਾ ਰਹੇ ਹਨ ਜਿਹੜੇ ਅੱਗੇ ਦਿੱਤੀਆਂ ਇਕ ਜਾਂ ਜ਼ਿਆਦਾ ਟਰਮਜ਼ ਔਫ ਰੈਫਰੈਂਸ ਬਾਰੇ ਗੱਲ ਕਰਦੇ ਹਨ:

- ਟੈਗ ਮੈਨੇਜਮੈਂਟ ਪਾਲਸੀ ਦੇ ਵਾਧੂ ਟਰੱਕ ਟੈਗ ਐਪਲੀਕੇਸ਼ਨ ਬਿਜ਼ਨਸ ਕੇਸ ਦੀਆਂ ਸ਼ਰਤਾਂ ਦੀ ਅਸਰਦਾਇਕਤਾ ਜਿਸ ਵਿਚ ਬਿਜ਼ਨਸ ਪਲੈਨ ਦੀ ਕਸੌਟੀ ਵਿਚ ਵਾਧੇ ਲਈ ਚੋਣਾਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ;
- ਟੈਗ ਮੈਨੇਜਮੈਂਟ ਪਾਲਸੀ ਦੇ ਟਰੱਕ ਟੈਗ ਵਾਪਸੀ ਦੇ ਕਾਰਜ/ਕਸੌਟੀ ਦੀ ਅਸਰਦਾਇਕਤਾ, ਜਿਸ ਵਿਚ ਖਾਲੀ ਟਰੱਕ ਟੈਗਾਂ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ;
- ਸਾਲ ਦੌਰਾਨ ਮਿੱਥੇ ਗਏ ਵਾਧੂ ਟਰੱਕ ਟੈਗ ਐਪਲੀਕੇਸ਼ਨ ਦੇ ਸਮਿਆਂ ਬਾਰੇ ਵਿਚਾਰ;
- ਉਨ੍ਹਾਂ ਲਸੰਸੀਆਂ ਦੀ ਜ਼ਿਆਦਾ ਆਈ/ਓ ਮੂਵਮੈਂਟ ਨੂੰ ਸੌਖਾ ਬਣਾਉਣ ਲਈ ਚੋਣਾਂ ਜਿਹੜੇ ਕੰਮ ਦੀ ਢੁਕਵੀਂ ਮਾਤਰਾ, ਲੇਬਰ ਦੀਆਂ ਸੰਤੁਸ਼ਟੀਜਨਕ ਹਾਲਤਾਂ ਪ੍ਰਦਾਨ ਕਰ ਸਕਣ ਅਤੇ *ਕੰਟੇਨਰ ਟਰੱਕਿੰਗ ਐਕਟ, ਰੈਗੂਲੇਸ਼ਨ* ਅਤੇ ਕੰਟੇਨਰ ਟਰੱਕਿੰਗ ਸਰਵਿਸਿਜ਼ ਲਸੰਸ ਦੀ ਪਾਲਣਾ ਕਰਦੇ ਹੋਏ ਦਿਖਾ ਸਕਣ; ਅਤੇ
- ਇਹ ਪੱਕਾ ਕਰਨ ਲਈ ਚੋਣਾਂ ਕਿ ਕੰਟੇਨਰ ਟਰੱਕਿੰਗ ਸੇਵਾਵਾਂ ਦੇ ਰਹੇ ਸਾਰੇ ਟਰੱਕਾਂ ਦੀ ਟੈਗਿੰਗ (ਔਨ ਅਤੇ ਔਫ-ਡੌਕ) ਵੈਨਕੂਵਰ ਪੋਰਟ ਦੇ ਟਰਮੀਨਲ ਐਕਸੈੱਸ, ਟਰੱਕ ਦੀ ਉਮਰ ਅਤੇ ਜੀ ਪੀ ਐੱਸ ਦੀਆਂ ਸ਼ਰਤਾਂ ਮੁਤਾਬਕ ਹੈ।

ਕਿਰਪਾ ਕਰਕੇ ਓ ਬੀ ਸੀ ਸੀ ਟੀ ਸੀ ਨੂੰ ਆਪਣੇ ਲਿਖਤੀ ਵਿਚਾਰ ਅੱਗੇ ਲਿਖੇ ਈਮੇਲ ਐਡਰੈਸ ’ਤੇ ਭੇਜੋ:

Registrar@obcctc.ca

ਹਿੱਤ ਰੱਖਣ ਵਾਲੀਆਂ ਧਿਰਾਂ ਦੇ ਲਿਖਤੀ ਵਿਚਾਰ ਮਿਲਣ ਦੀ ਅੰਤਿਮ ਤਾਰੀਕ 14 ਦਸੰਬਰ, 2018 ਹੈ।